This question paper consists of **11** questions and **15** printed pages.

ਇਸ ਪ੍ਰਸ਼ਨ ਪੱਤਰ ਵਿੱਚ **11** ਪ੍ਰਸ਼ਨ ਹਨ ਅਤੇ **15** ਛਪੇ ਹੋਏ ਪੰਨੇ ਹਨ ।

**Roll No.**
**ਰੋਲ ਨੰਬਰ :**

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**9077**

# PUNJABI
# (ਪੰਜਾਬੀ)
# (210)

**Code No.** **70/S/O/P**
**ਕੋਡ ਨੰ.**

**SET/ਸੈਟ** **A**

**Day and Date of Examination**

**ਪ੍ਰੀਖਿਆ ਦਾ ਦਿਨ ਅਤੇ ਮਿਤੀ** ....................................................................

**Signature of Invigilators** 1. ..............................................

**ਨਿਗਰਾਨਾਂ ਦੇ ਹਸਤਾਖ਼ਰ**

2. ..............................................

UNNATI
EDUCATIONS
EK KADAM UNNATI KI AUR

**ਆਮ ਹਿਦਾਇਤਾਂ :**

1. ਸਾਰੇ ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ ਪੱਤਰ ਵਿੱਚ ਹਨ ।
2. ਪ੍ਰਸ਼ਨ ਪੱਤਰ ਨੂੰ ਪੜ੍ਹਨ ਲਈ **15** ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ **02.15** 'ਤੇ ਦਿੱਤਾ ਜਾਵੇਗਾ । **02.15** ਤੋਂ **02.30** ਦਾ ਸਮਾਂ ਪ੍ਰਸ਼ਨ ਪੱਤਰ ਪੜ੍ਹਨ ਲਈ ਹੈ । ਇਸ ਦੌਰਾਨ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖੇਗਾ ।
3. ਪ੍ਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ 'ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ ।
4. ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁੱਲ ਪੰਨੇ ਅਤੇ ਕੁੱਲ ਪ੍ਰਸ਼ਨ ਉਹੋ ਹੀ ਹਨ ਜਿਹੜੇ ਕਿ ਮੁੱਖ ਪੰਨੇ ਦੇ ਸਭ ਤੋਂ ਉੱਪਰ ਲਿਖੇ ਗਏ ਹਨ । ਇਹ ਵੀ ਦੇਖ ਲਓ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ ।
5. ਬਹੁਵਿਕਲਪੀ ਪ੍ਰਸ਼ਨਾਂ ਵਿੱਚ ਆਪਣੇ ਪ੍ਰਸ਼ਨ ਪੱਤਰ ਵਿੱਚ ਦਿੱਤੇ ਵਿਕਲਪਾਂ (A), (B), (C) ਅਤੇ (D) ਵਿਚੋਂ ਕੋਈ ਇੱਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿੱਚ ਲਿਖਣਾ ਹੈ । ਸਬਜੈਕਟਿਵ ਪ੍ਰਸ਼ਨਾਂ ਲਈ ਕੋਈ ਵਾਧੂ ਸਮਾਂ ਨਹੀਂ ਮਿਲੇਗਾ ।
6. ਉੱਤਰ ਕਾਪੀ ਵਿੱਚ ਕੋਈ ਪਛਾਣ ਚਿੰਨ੍ਹ ਬਣਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਤੇ ਹੋਰ ਲਿਖਣਾ ਪ੍ਰੀਖਿਆਰਥੀ ਦੀ ਪਾਤਰਤਾ ਨੂੰ ਰੱਦ ਕਰਨ ਤੱਕ ਲੈ ਜਾਵੇਗਾ ।
7. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. **70/S/O/P, Set/ਸੈਟ - A** ਉੱਤਰ ਕਾਪੀ ਵਿੱਚ ਲਿਖੋ ।



**UNNATI EDUCATION**
**9899-436-384: 9654-279-279**

# PUNJABI
## (ਪੰਜਾਬੀ)
## (210)

Time : **3** Hours] [Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

**ਆਮ ਨਿਰਦੇਸ਼ :**

ਹੇਠ ਲਿਖੇ ਨਿਰਦੇਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

(i) **ਸਾਰੇ** ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਹੋਈ ਹੈ । ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ ।

(ii) ਉੱਤਰ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ ।

---

1. ਪੁੱਛੇ ਗਏ ਅਨੁਸਾਰ **14** ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕੋਈ **13** ਪ੍ਰਸ਼ਨਾਂ ਦੇ ਉੱਤਰ ਲਿਖੋ : **1 × 13 = 13**

(i) ਜਿਹੜੇ ਸ਼ਬਦ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਆਦਿ ਦਾ ਗਿਆਨ ਹੋਵੇ, ਉਸਨੂੰ ਕੀ ਕਿਹਾ ਜਾਂਦਾਂ ਹੈ ?

(A) ਆਮ ਨਾਂਵ (B) ਇੱਕਠਵਾਚਕ ਨਾਂਵ

(C) ਭਾਵਵਾਚਕ ਨਾਂਵ (D) ਖਾਸ ਨਾਂਵ

UNNATI EDUCATIONS
EK KADAM UNNATI KI AUR

(ii) 'ਸੁੰਦਰਤਾ', 'ਬੁਢਾਪਾ' ਅਤੇ 'ਸੁੱਖ' ਸ਼ਬਦ ਨਾਂਵ ਦੀ ਕਿਸ ਕਿਸਮ ਦੇ ਉਦਾਹਰਨ ਹਨ ?

(A) ਆਮ ਨਾਂਵ (B) ਖਾਸ ਨਾਂਵ

(C) ਵਸਤੂਵਾਚਕ ਨਾਂਵ (D) ਭਾਵਵਾਚਕ ਨਾਂਵ

(iii) ਕਿਹੜਾ ਸ਼ਬਦ ਪੁਲਿੰਗ ਨਹੀਂ ਹੈ ?

(A) ਬਾਜ (B) ਬਿੱਛੂ

(C) ਪੈਸਾ (D) ਚਿੱਠੀ



UNNATI EDUCATION
9899-436-384: 9654-279-279

(iv) 'ਅੱਗ', 'ਕਲਮ', 'ਮਸ਼ੀਨ' ਸ਼ਬਦ ਕਿਸ ਦੇ ਉਦਾਹਰਨ ਹਨ ?

(A) ਸੰਬੰਧਕ (B) ਪੁਲਿੰਗ

(C) ਕਾਰਕ (D) ਇਸਤਰੀ ਲਿੰਗ

(v) 'ਕਿਤਾਬਾਂ ਵਿੱਚ _______ ਦੀਆਂ ਗੱਲਾਂ ਲਿਖੀਆਂ ਹੁੰਦੀਆਂ ਹਨ ।' ਵਾਕ ਵਿਚਲੀ ਖਾਲੀ ਥਾਂ ਭਰਨ ਲਈ ਸਹੀ ਵਿਕਲਪ ਚੁਣੋ –

(A) ਗਿਆਨ (B) ਅਗਿਆਨ

(C) ਗਿਆਨਾਂ (D) ਅਗਿਆਨਾਂ

(vi) 'ਇਹ ਕਿਤਾਬਾਂ _______ ਹਨ ।' ਵਾਕ ਵਿੱਚ ਖਾਲੀ ਥਾਂ ਭਰਨ ਲਈ ਸਹੀ ਵਿਕਲਪ ਚੁਣੋ –

(A) ਮੈਂ (B) ਮੇਰੀ

(C) ਮੇਰੀਆਂ (D) ਮੈਨੂੰ

UNNATI EDUCATIONS

(vii) 'ਰਾਹੀ', 'ਦੁਆਰਾ' ਕਿਹੜੇ ਕਾਰਕ ਦੇ ਚਿੰਨ੍ਹ ਹਨ ?

(A) ਕਰਨ ਕਾਰਕ (B) ਕਰਤਾ ਕਾਰਕ

(C) ਕਰਮ ਕਾਰਕ (D) ਸੰਬੰਧ ਕਾਰਕ

(viii) ਜਿਸ ਨਾਂਵ ਜਾਂ ਪੜਨਾਂਵ ਲਈ ਕੋਈ ਕਿਰਿਆ ਕੀਤੀ ਜਾਵੇ, ਉਹ ਕਿਹੜਾ ਕਾਰਕ ਹੈ ?

(A) ਅਪਾਦਾਨ ਕਾਰਕ (B) ਸੰਪਰਦਾਨ ਕਾਰਕ

(C) ਕਰਨ ਕਾਰਕ (D) ਕਰਮ ਕਾਰਕ



**UNNATI EDUCATION**
**9899-436-384: 9654-279-279**

(ix) ਅਪੂਰਨ ਸੰਬੰਧਕ ਚੁਣੋ –

(A) ਬਗ਼ੈਰ/ਦੁਬਾਰਾ (B) ਬਾਹਰ ਤੋਂ/ਬਾਹਰੋਂ

(C) ਪਰ/ਦੇ/ਨੂੰ (D) ਅੱਜ/ਕੱਲ੍ਹ/ਪਰਸੋਂ

(x) 'ਸਾਡਾ ਸਕੂਲ ਤੁਹਾਡੇ ਸਕੂਲ ਦੇ ਨੇੜੇ ਹੀ ਹੈ।' ਵਾਕ ਵਿੱਚ ਕਿਸ ਕਿਸਮ ਦਾ ਸੰਬੰਧਕ ਹੈ ?

(A) ਦੁਬਾਜਰਾ ਸੰਬੰਧਕ (B) ਇਕਹਿਰਾ ਸੰਬੰਧਕ

(C) ਪੂਰਨ ਸੰਬੰਧਕ (D) ਅਪੂਰਨ ਸੰਬੰਧਕ

(xi) 'ਅਪ' ਅਗੇਤਰ ਨਾਲ ਬਣੇ ਹੋਏ ਸਹੀ ਸ਼ਬਦ-ਸਮੂਹ ਦੀ ਚੋਣ ਕਰੋ –

(A) ਅਪਮਾਨ, ਅਪਜਸ (B) ਅਪਸ਼ਰਾਨ, ਅਪਾਰ

(C) ਅਪਾਰ, ਅਪਜਸ (D) ਅਪਾਰ, ਅਪਮਾਨ

(xii) 'ਸ਼ਬਦਾਵਲੀ' ਸ਼ਬਦ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ ?

(A) ਲੀ (B) ਵਲੀ

(C) ਆਵਲੀ (D) ਦਾਵਲੀ

UNNATI EDUCATIONS
EK KADAM UNNATI KI AUR

(xiii) 'ਵੈਰੀ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(A) ਯਾਰ (B) ਦੁਸ਼ਮਣ

(C) ਵਿਰੋਧੀ (D) ਦੋਖੀ

(xiv) 'ਘੜੀ' ਸ਼ਬਦ ਦੇ ਬਹੁਅਰਥਕ ਲਈ ਸਹੀ ਸ਼ਬਦ-ਸਮੂਹ ਚੁਣੋ –

(A) ਤਰਾਸ਼ੀ, ਦਰਵਾਜ਼ਾ (B) ਵਕਤ ਵੇਖਣ ਦਾ ਜੰਤਰ, ਦਰ

(C) ਵਰਤ, ਤਰਾਸ਼ੀ (D) ਸਮਾਂ, ਰਾਹ



UNNATI EDUCATION
9899-436-384: 9654-279-279

2. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 8 = 8**

(i) ਬਾਬਾ ਫ਼ਰੀਦ ਜੀ ਅਨੁਸਾਰ ਆਤਮਿਕ ਲਾਭ ਪ੍ਰਾਪਤ ਕਰਨ ਲਈ ਕਿਹੋ ਜਿਹੇ ਕੰਮ ਕਰਨੇ ਚਾਹੀਦੇ ਹਨ ?

(A) ਬੁਰੇ ਕੰਮ (B) ਮਾੜੇ ਕਰਮ

(C) ਚੰਗੇ ਅਮਲ (D) ਨਿੰਦਾ

(ii) ਬਾਬਾ ਫ਼ਰੀਦ ਜੀ ਨੇ ਮਨੁੱਖ ਨੂੰ ਕਿਸ ਗੱਲ ਤੋਂ ਵਰਜਿਆ ਹੈ ?

(A) ਨਿੰਦਾ ਕਰਨ ਤੋਂ (B) ਉਸਤਤਿ ਕਰਨ ਤੋਂ

(C) ਪ੍ਰਸ਼ੰਸਾ ਕਰਨ ਤੋਂ (D) ਖੁਸ਼ ਰਹਿਣ ਤੋਂ

(iii) ਬੁਲ੍ਹੇਸ਼ਾਹ ਅਨੁਸਾਰ ਹਰ ਸ਼ੈਅ ਨੇ ਅੰਤ ਕਿਸ ਵਿੱਚ ਮਿਲ ਜਾਣਾ ਹੈ ?

(A) ਪਾਣੀ ਵਿੱਚ (B) ਹਵਾ ਵਿੱਚ

(C) ਮਿੱਟੀ ਵਿੱਚ (D) ਪੱਥਰ ਵਿੱਚ

(iv) ਬੁਲ੍ਹੇਸ਼ਾਹ ਅਨੁਸਾਰ, ਮਨੁੱਖ ਹਉਮੈਂ ਤੋਂ ਕਿਵੇਂ ਮੁਕਤ ਹੋ ਸਕਦਾ ਹੈ ?

(A) ਸੰਸਾਰ ਨੂੰ ਸੱਚਾ ਸਮਝ ਕੇ (B) ਸੰਸਾਰਕ ਵਸਤਾਂ ਇੱਕਠੀਆਂ ਕਰਕੇ

(C) ਤਾਕਤ ਹਾਸਲ ਕਰਕੇ (D) ਸੰਸਾਰਕ ਨਾਸ਼ਵਾਨਤਾ ਦੇ ਭੇਤ ਨੂੰ ਸਮਝਕੇ

(v) ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਆਤਮਕ ਤੌਰ 'ਤੇ ਉੱਚਾ-ਸੁੱਚਾ ਕਿਵੇਂ ਬਣਦਾ ਹੈ ?

(A) ਕੱਦ ਤੇ ਆਕਾਰ ਵੱਡਾ ਕਰਨ ਨਾਲ

(B) ਨਿਮਰਤਾ ਧਾਰਨ ਕਰਨ ਨਾਲ

(C) ਹੰਕਾਰੀ ਬਣਨ ਨਾਲ

(D) ਸੰਸਾਰਕ ਰੁਤਬਾ ਹਾਸਲ ਕਰਨ ਨਾਲ

UNNATI EDUCATIONS
EK KADAM UNNATI KI AUR



**UNNATI EDUCATION**
**9899-436-384: 9654-279-279**

(vi) ਗੁਰੂ ਨਾਨਕ ਦੇਵ ਜੀ ਨੇ ਆਪਣੇ ਸਲੋਕ ਵਿੱਚ ਕਿਸਦਾ ਖੰਡਨ ਕੀਤਾ ਹੈ ?

(A) ਦਿਖਾਵੇ ਦੀ ਨਿਮਰਤਾ ਦਾ (B) ਰੁਤਬੇ ਵਿੱਚ ਵੱਡੇ ਹੋਣ ਦਾ

(C) ਤਕੜੀ ਵਿੱਚ ਤੋਲਣ ਦਾ (D) ਮਨ ਨੂੰ ਨਿਵਾਉਣ ਦਾ

(vii) 'ਭਲਾ ਮੋਏ ਤੇ ਵਿਛੜੇ ਕੌਣ ਮੇਲੇ _______ ' ਕਾਵਿ-ਬੰਦ ਵਿੱਚ 'ਕਾਂ' ਕਿਸ ਦਾ ਪ੍ਰਤੀਕ ਹੈ ?

(A) ਹੀਰ ਦਾ (B) ਹੀਰ ਦੇ ਪਤੀ ਸੈਦਾ ਦਾ

(C) ਹੀਰ ਦੀ ਨਨਾਣ ਦਾ (D) ਰਾਂਝੇ ਦਾ

(viii) ਕਵੀ ਨੇ ਸਿੱਖ ਫੌਜਾਂ ਤੇ ਅੰਗਰੇਜਾਂ ਵਿਚਕਾਰ ਹੋਏ ਯੁੱਧ ਦਾ ਕਿਹੜਾ ਸਮਾਂ ਦੱਸਿਆ ਹੈ ?

(A) ਸੰਮਤ 1902 (B) ਸੰਮਤ 1912

(C) ਸੰਮਤ 1922 (D) ਸੰਮਤ 1932

3. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 7 = 7**

(i) 'ਘਰ ਦੇ ਪਿਆਰ ਤੋਂ ਹੀ ਸਮਾਜ ਅਤੇ _______ ਦਾ ਪਿਆਰ ਪੈਦਾ ਹੁੰਦਾ ਹੈ ।' ਵਾਕ ਨੂੰ 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਪੂਰਾ ਕਰੋ ।

(A) ਘਰ (B) ਮੁਹੱਲੇ

(C) ਦੇਸ਼ (D) ਸਕੂਲ

(ii) ਲੇਖਕ ਪ੍ਰਿੰ. ਤੇਜਾ ਸਿੰਘ ਅਨੁਸਾਰ ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਕਿੱਥੇ ਸੁਆਦ ਆਉਂਦਾ ਹੈ ?

(A) ਹੋਟਲ (B) ਮੋਟਲ

(C) ਘਰ (D) ਸਰਾਂ



UNNATI EDUCATIONS
EK KADAM UNNATI KI AUR
UNNATI EDUCATION
9899-436-384: 9654-279-279

(iii) 'ਜਿਹੜਾ ਬੱਚਾ _______ ਤੋਂ ਦੂਰ ਰਹਿ ਕੇ ਬੋਰਡਿੰਗ 'ਚ ਸਮਾਂ ਕੱਟਦਾ ਹੈ ਉਸ ਵਿੱਚ ਲੱਜਾ, ਹਮਦਰਦੀ, ਬਰਾਬਰੀ, ਸਨਮਾਨ ਆਦਿ ਦੇ ਗੁਣ ਨਹੀ ਹੁੰਦੇ ।' ਵਾਕ ਵਿਚਲੀ ਥਾਂ ਲਈ 'ਘਰ ਦੇ ਪਿਆਰ' ਲੇਖ ਦੇ ਆਧਾਰ 'ਤੇ ਸਹੀ ਵਿਕਲਪ ਚੁਣੋ –

(A) ਸਕੂਲ (B) ਘਰ ਦੇ ਮੈਂਬਰਾਂ

(C) ਬਾਜ਼ਾਰ (D) ਮੇਲੇ

(iv) ਸਿੱਖ ਗੁਰੂ ਸਾਹਿਬਾਨ ਨੇ ਕਿਸ ਤਰ੍ਹਾਂ ਦੇ ਜੀਵਨ 'ਤੇ ਜ਼ੋਰ ਦਿੱਤਾ ?

(A) ਆਸ਼ਰਮ ਦਾ ਜੀਵਨ (B) ਹੋਸਟਲ ਦਾ ਜੀਵਨ

(C) ਘਰੋਗੀ ਜੀਵਨ (D) ਹੋਟਲ ਦਾ ਜੀਵਨ

(v) ਬੜੀ ਸੋਹਣੀ ਇਮਾਰਤ ਕਿਹੜੀ ਹੈ ? 'ਵਾਤਾਵਰਨ ਵਿੱਚ ਸੁੰਦਰਤਾ' ਪਾਠ ਅਨੁਸਾਰ ਦੱਸੋਂ ।

(A) ਇੰਡੀਆ ਗੇਟ (B) ਤਾਜਮਹਲ

(C) ਕਨਾਟ ਪਲੇਸ (D) ਹੋਟਲ

UNNATI EDUCATIONS
... UNNATI KI AUR

(vi) ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ ?

(A) ਗਹਿਣੇ (B) ਅੱਖਾਂ

(C) ਸੋਹਣੇ ਕਪੜਿਆਂ (D) ਤਾਰੀਫ਼

(vii) ਆਪਣੀ ਨਿਜੀ ਸਿਫਤ ਨੂੰ ਰੂਪਮਾਨ ਕਰਨ ਲਈ ਕਿਸ ਦੀ ਲੋੜ ਪੈਂਦੀ ਹੈ ?

(A) ਸੁਹਣੇ ਪਹਿਰਾਵੇ ਦੀ (B) ਤਾਰੀਫ਼

(C) ਸੁੰਦਰਤਾ (D) ਮਹਿੰਗੇ ਪਹਿਰਾਵੇ ਦੀ



**UNNATI EDUCATION**
**9899-436-384: 9654-279-279**

4. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 6 = 6**

(i) 'ਮੈਂ ਪਾਤਰ' ਨੇ ਰਿਕਸ਼ੇਵਾਲੇ ਨੂੰ ਪੈਸੇ ਕਿਉਂ ਦੇਣੇ ਚਾਹੇ ?

(A) ਉਸਦੇ ਹੱਕ ਦੇ

(B) ਤਰਸ ਖਾ ਕੇ

(C) ਰੋਟੀ ਖਾਣ ਲਈ

(D) ਕੱਪੜੇ ਖਰੀਦਣ ਲਈ

(ii) 'ਸਵਰਗ ਦੀ ਝਲਕ' ਕਹਾਣੀ ਵਿੱਚ ਪੈਦਲ ਤੁਰਦੇ ਲੇਖਕ ਦੇ ਹੱਥ ਵਿੱਚ ਕੀ ਸਮਾਨ ਸੀ ?

(A) ਦੋ ਕਿਤਾਬਾਂ

(B) ਦੋ ਥੈਲੇ

(C) ਦੋ ਬਕਸੇ

(D) ਦੋ ਪਾਰਸਲ

(iii) ਲੇਖਕ ਨੂੰ ਰਿਕਸ਼ੇਵਾਲੇ ਦੀ ਅੱਖ ਵਿੱਚ ਕਿਹੜੀ ਭੁੱਖ ਦਿੱਸੀ ?

(A) ਰੋਟੀ ਦੀ

(B) ਪੈਸੇ ਦੀ

(C) ਮਿਠਾਈ ਦੀ

(D) ਦਾਦ ਦੀ

UNNATI
EDUCATIONS
EK KADAM UNNATI KI AUR

(iv) ਸਰਦਾਰ ਦੀ ਕੋਠੀ ਕਿਹੋ ਜਿਹੀ ਸੀ ?

(A) ਨਵੇਂ ਨਮੂਨੇ ਦੀ

(B) ਕੱਚੀ

(C) ਮਾਡਰਨ

(D) ਪੁਰਾਣੇ ਨਮੂਨੇ ਦੀ

(v) ਸਰਦਾਰ ਦੀ ਧੀ ਦੇ ਵਿਆਹ ਨੂੰ ਕਿੰਨੇ ਸਾਲ ਹੋਏ ਸਨ ?

(A) ਪੰਜ-ਛੇ ਸਾਲ

(B) ਤਿੰਨ-ਚਾਰ ਸਾਲ

(C) ਚਾਰ-ਪੰਜ ਸਾਲ

(D) ਨੌ-ਦਸ ਸਾਲ



UNNATI EDUCATION
9899-436-384: 9654-279-279

(vi) 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਬਾਰੇ ਗੱਲ ਹੋਈ ਹੈ ?

(A) ਭਾਈਚਾਰਕ ਸਾਂਝ (B) ਦੋ ਢਾਣੀਆਂ ਦੀ ਸਾਂਝ

(C) ਅਮੀਰਾਂ ਤੇ ਗਰੀਬਾਂ ਵਿਚਲੀ ਸਾਂਝ (D) ਦੋ ਮਨੁੱਖਾਂ ਦੀ ਸਾਂਝ

5. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 4 = 4**

(i) 'ਜਨਾਬ ਸ਼ਿਕਾਇਤ ਤਾਂ ਹੋਈ ਮੇਰੀ ਬਦਨਸੀਬੀ ਨਾਲ, ਪਰ ਕਸੂਰ ਦਾ ਪਤਾ ਨਹੀਂ' ਇਹ ਸ਼ਬਦ ਕਿਸਨੇ ਕਿਸ ਨੂੰ ਕਹੇ ?

(A) ਬਸੰਤਰਾਮ ਨੇ ਮੈਨੇਜਰ ਨੂੰ (B) ਮੈਨੇਜਰ ਨੇ ਬਸੰਤਰਾਮ ਨੂੰ

(C) ਬਸੰਤਰਾਮ ਨੇ ਮੋਟਰਵਾਲੇ ਨੂੰ (D) ਬਸੰਤ ਰਾਮ ਨੇ ਹਰਬੰਸ ਨੂੰ

(ii) 'ਤੌਬਾ ਮੇਰੀ, ਮੈਂ ਹਾਰਿਆ ਬਾਬਾ ਤੂੰ ਜਿੱਤਿਆ' ਵਾਕ ਕਿਸਨੂੰ ਬੋਲਿਆ ਗਿਆ ਹੈ ?

(A) ਹਰਬੰਸ (B) ਬਸੰਤਰਾਮ

(C) ਮੋਟਰ ਵਾਲਾ (D) ਮੈਨੇਜਰ

UNNATI EDUCATIONS

(iii) ਮੋਟਰ ਵਾਲੇ ਦਾ ਨਾਂ ਕੀ ਹੈ ?

(A) ਰਾਇ ਸਾਹਿਬ ਜਮਨਾ ਪ੍ਰਸਾਦ (B) ਰਾਇ ਸਾਹਿਬ ਜਵਾਲਾ ਪ੍ਰਸਾਦ

(C) ਰਾਇ ਸਾਹਿਬ ਜਮਨਾ ਦਾਸ (D) ਰਾਇ ਸਾਹਿਬ ਜਵਾਲਾ ਦਾਸ

(iv) ਇੰਸਪੈਕਟਰ ਕੋਲ ਕਿਸ ਦਾ ਵਾਰੰਟ ਸੀ ?

(A) ਗੈਰਾਜ ਬੰਦ ਕਰਨ ਦਾ

(B) ਮੋਟਰ ਵਾਲੇ ਦੀ ਗ੍ਰਿਫ਼ਤਾਰੀ ਦਾ

(C) ਮੋਟਰਵਾਲੇ ਦੀ ਮੋਟਰ ਤੇ ਕਬਜ਼ਾ ਕਰਨ ਦਾ

(D) ਬਸੰਤ ਰਾਮ ਦੀ ਗ੍ਰਿਫ਼ਤਾਰੀ ਦਾ



UNNATI EDUCATION
9899-436-384: 9654-279-279

6. ਹੇਠ ਦਿੱਤੇ ਅਣਡਿੱਠੇ ਪੈਰਿਆਂ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ :

1. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ – **1 × 6 = 6**

ਪਾਣੀ ਜੀਵਨ ਦਾ ਆਧਾਰ ਹੈ, ਪਰ ਅੱਜਕਲ੍ਹ ਪਾਣੀ ਦਾ ਪ੍ਰਦੂਸ਼ਣ ਇੱਕ ਗੰਭੀਰ ਸਮੱਸਿਆਂ ਬਣ ਚੁੱਕਾ ਹੈ । ਪਾਣੀ ਦੇ ਪ੍ਰਦੂਸ਼ਣ ਦਾ ਮੁੱਖ ਕਾਰਨ ਮਨੁੱਖੀ ਸਰਗਰਮੀਆਂ ਹਨ । ਉਦਯੋਗਾਂ ਤੋਂ ਨਿਕਲਣ ਵਾਲੇ ਰਸਾਇਣ, ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਖਾਦ ਅਤੇ ਕੀਟ ਨਾਸ਼ਕ ਅਤੇ ਘਰੇਲੂ ਗੰਦੇ ਪਾਣੀ ਦਾ ਨਦੀਆਂ, ਝੀਲਾਂ ਅਤੇ ਸਮੁੰਦਰਾਂ ਵਿੱਚ 'ਨਿਕਾਸ' ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਨ । ਇਸ ਨਾਲ ਪਾਣੀ ਦੀ ਗੁਣਵੱਤਾ ਖਰਾਬ ਹੋਣ ਨਾਲ ਸਿਰਫ਼ ਮਨੁੱਖੀ ਜੀਵਨ ਹੀ ਨਹੀਂ ਸਗੋਂ ਜਲ–ਜੀਵ–ਜੰਤੂਆਂ ਦੀ ਜ਼ਿੰਦਗੀ ਵੀ ਖਤਰੇ ਵਿੱਚ ਪੈ ਜਾਂਦੀ ਹੈ । ਪਾਣੀ ਦੇ ਪ੍ਰਦੂਸ਼ਣ ਨਾਲ ਅਨੇਕਾਂ ਬਿਮਾਰੀਆਂ ਜਨਮ ਲੈਂਦੀਆਂ ਹਨ, ਜਿਵੇਂ ਕਿ ਡਾਇਰੀਆ, ਹੈਪੈਟਾਈਟਿਸ ਅਤੇ ਪਾਰਦਰਸ਼ੀ ਪ੍ਰਦੂਸ਼ਣ । ਇਹ ਸਿਰਫ਼ ਸਿਹਤ ਦੇ ਲਈ ਹਾਨੀਕਾਰਕ ਨਹੀਂ ਹੈ, ਸਗੋਂ ਵਾਤਾਵਰਨ ਦੇ ਸੰਤੁਲਨ ਨੂੰ ਵੀ ਖਰਾਬ ਕਰਦਾ ਹੈ । ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕੁਝ ਢੰਗ ਵਰਤਣੇ ਜ਼ਰੂਰੀ ਹਨ । ਉਦਯੋਗਾਂ ਦਾ ਗੰਦਾ ਪਾਣੀ ਸਾਫ਼ ਕਰਨ ਵਾਲੇ ਯੰਤਰਾਂ ਦੁਆਰਾ ਕੱਢਿਆ ਜਾਣਾ ਚਾਹੀਦਾ ਹੈ । ਘਰੇਲੂ ਕੂੜੇ ਅਤੇ ਰਸੋਈ ਦੇ ਗੰਦੇ ਪਾਣੀ ਨੂੰ ਸਿੱਧੇ ਜਲ–ਸ੍ਰੋਤਾਂ ਵਿੱਚ ਨਹੀਂ ਸੁੱਟਣਾ ਚਾਹੀਦਾ । ਪਲਾਸਟਿਕ ਵਰਤਣ ਤੋਂ ਬਚਣਾ ਅਤੇ ਜਨਤਾ ਵਿੱਚ ਜਾਗਰੂਕਤਾ ਫੈਲਾਉਣਾ ਵੀ ਲਾਜ਼ਮੀ ਹੈ । ਪਾਣੀ ਸਿਰਫ਼ ਜੀਵਨ ਲਈ ਹੀ ਜ਼ਰੂਰੀ ਨਹੀਂ ਹੈ, ਸਗੋਂ ਭਵਿੱਖ ਲਈ ਸੰਭਾਲਣ ਯੋਗ ਧਰੋਹਰ ਵੀ ਹੈ । ਇਸ ਲਈ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕੀਏ ਅਤੇ ਇਸ ਦੀ ਮਹੱਤਤਾ ਨੂੰ ਸਮਝੀਏ ।

(i) ਪਾਣੀ ਦੇ ਪ੍ਰਦੂਸ਼ਣ ਦਾ ਮੁੱਖ ਕਾਰਨ ਕੀ ਹੈ ?

(A) ਚੰਗਾ ਵਾਤਾਵਰਨ

(B) ਮਨੁੱਖੀ ਸਰਗਰਮੀਆਂ

(C) ਹਵਾਈ ਪ੍ਰਦੂਸ਼ਣ

(D) ਜਲਜੀਵਾਂ ਦੀ ਮੌਤ



UNNATI EDUCATIONS
EK KADAM UNNATI KI AUR
UNNATI EDUCATION
9899-436-384: 9654-279-279

(ii) ਉਦਯੋਗਾਂ ਤੋਂ ਨਿਕਲਣ ਵਾਲਾ ਪਾਣੀ ਕਿਸ ਤਰ੍ਹਾਂ ਦਾ ਹੁੰਦਾ ਹੈ ?

(A) ਸਾਫ਼ (B) ਰਸਾਇਣਕ ਪ੍ਰਦੂਸ਼ਿਤ

(C) ਪੀਣਯੋਗ (D) ਨਿਰਪ੍ਰਭਾਵ

(iii) ਪਾਣੀ ਦੇ ਪ੍ਰਦੂਸ਼ਣ ਨਾਲ ਕੀ ਪ੍ਰਭਾਵ ਪੈਂਦਾ ਹੈ ?

(A) ਸਿਹਤ ਉੱਤੇ ਹਾਨੀਕਾਰਕ ਪ੍ਰਭਾਵ

(B) ਵਾਤਾਵਰਨ ਦਾ ਸੁਧਾਰ

(C) ਮਨੁੱਖੀ ਉੱਨਤੀ

(D) ਜਲਜੀਵਾਂ ਦੀ ਸਿਹਤ-ਸੁਧਾਰ

(iv) ਪਾਣੀ ਕਿਸ ਲਈ ਜ਼ਰੂਰੀ ਹੈ ?

(A) ਸਿਰਫ਼ ਮਨੁੱਖਾਂ ਲਈ (B) ਸਿਰਫ਼ ਜਲਜੀਵਾਂ ਲਈ

(C) ਹਰ ਜੀਵ ਲਈ (D) ਸਿਰਫ ਉਦਯੋਗਾਂ ਲਈ

(v) ਪਾਣੀ ਦੇ ਪ੍ਰਦੂਸ਼ਣ ਨਾਲ ਕਿਹੜੀ ਬਿਮਾਰੀ ਹੁੰਦੀ ਹੈ ?

(A) ਰੈਬੀਜ਼ (B) ਬੀ.ਪੀ.

(C) ਤਪੇਦਿਕ (D) ਡਾਇਰੀਆ

(vi) ਘਰੇਲੂ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਕਰਨ ਦੀ ਲੋੜ ਹੈ ?

(A) ਗੰਦਾ ਪਾਣੀ ਜਲ ਸ੍ਰੋਤ ਵਿੱਚ ਸੁੱਟਣਾ

(B) ਜਾਗਰੂਕਤਾ ਫੈਲਾਉਣਾ

(C) ਰਸਾਇਣ ਵਧਾਉਣਾ

(D) ਕੁਝ ਨਹੀਂ



UNNATI EDUCATIONS
EK KADAM UNNATI KI AUR

UNNATI EDUCATION
9899-436-384: 9654-279-279

2. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ – **1 × 6 = 6**

ਪੰਛੀ ਪ੍ਰਕਿਰਤੀ ਦੇ ਸੁੰਦਰ ਜੀਵ ਹਨ ਜੋ ਸਾਡੀ ਧਰਤੀ ਨੂੰ ਖੂਬਸੂਰਤੀ ਨਾਲ ਭਰ ਦਿੰਦੇ ਹਨ । ਇਹ ਅਨੋਖੇ ਵਰਗ ਦੇ ਜੀਵ ਹਨ ਜੋ ਆਪਣੇ ਖੰਭਾਂ ਦੀ ਮਦਦ ਨਾਲ ਉੱਡ ਸਕਦੇ ਹਨ । ਪੰਛੀਆਂ ਦੇ ਰੰਗ–ਬਿਰੰਗੇ ਖੰਭ, ਮਿੱਠੇ–ਸੁਰੀਲੇ ਗੀਤ ਅਤੇ ਖੇਤਰ–ਅਨੁਸਾਰ ਵੱਖ–ਵੱਖ ਜੀਵਨ ਸ਼ੈਲੀਆਂ ਹੁੰਦੀਆਂ ਹਨ । ਕੁਝ ਪੰਛੀ ਉੱਚੀ ਉਡਾਨ ਭਰਦੇ ਹਨ ਜਿਵੇਂ ਕਿ ਬਾਜ਼, ਜਦੋਂਕਿ ਕੁਝ ਪੰਛੀ ਮਿੱਟੀ ਨੇੜੇ ਰਹਿੰਦੇ ਹਨ ਜਿਵੇਂ ਕਬੂਤਰਾਂ ਪੰਛੀਆਂ ਦੀ ਜ਼ਿੰਦਗੀ ਜਲ, ਹਵਾ ਅਤੇ ਰੋਸ਼ਨੀ ਨਾਲ ਗਹਿਰਾਈ ਨਾਲ ਜੁੜੀ ਹੁੰਦੀ ਹੈ । ਉਹ ਖੇਤਾਂ ਵਿੱਚ ਕੀਟਨਾਸ਼ਕ ਦੇ ਤੌਰ ਤੇ ਕੰਮ ਕਰਦੇ ਹਨ ਅਤੇ ਜੈਵਿਕ ਸੰਤੁਲਨ ਬਣਾਈ ਰੱਖਣ ਵਿੱਚ ਮਦਦਗਾਰ ਹੁੰਦੇ ਹਨ । ਕੁਝ ਪੰਛੀ ਬੀਜ ਖਾਣ ਦੇ ਨਾਲ–ਨਾਲ ਉਹਨਾਂ ਨੂੰ ਫੈਲਾਉਂਦੇ ਵੀ ਹਨ, ਜੋ ਨਵੀਆਂ ਫਸਲਾਂ ਅਤੇ ਰੁੱਖਾਂ ਨੂੰ ਜਨਮ ਦਿੰਦੇ ਹਨ । ਪੰਛੀ ਸਿਰਫ ਪ੍ਰਕਿਰਤੀ ਲਈ ਹੀ ਨਹੀਂ, ਸਗੋਂ ਮਨੁੱਖਾਂ ਲਈ ਵੀ ਲਾਭਦਾਇਕ ਹਨ । ਹਾਲਾਂਕਿ, ਆਧੁਨਿਕ ਯੁੱਗ ਵਿੱਚ ਪੰਛੀਆਂ ਦੀ ਗਿਣਤੀ ਘੱਟ ਰਹੀ ਹੈ । ਜੰਗਲਾਂ ਦੀ ਕਟਾਈ, ਪ੍ਰਦੂਸ਼ਣ ਅਤੇ ਸ਼ਿਕਾਰ ਕਾਰਨ ਅਨੇਕਾਂ ਪ੍ਰਜਾਤੀਆਂ ਖਤਮ ਹੋ ਰਹੀਆਂ ਹਨ । ਪੰਛੀਆਂ ਨੂੰ ਬਚਾਉਣ ਲਈ ਸਾਨੂੰ ਜੰਗਲ ਸੰਭਾਲਣ, ਪੋਲੀਥੀਨ ਦੀ ਘੱਟ ਵਰਤੋਂ ਅਤੇ ਸਵੱਛ ਵਾਤਾਵਰਨ ਦੀ ਰਚਨਾ ਲਈ ਯਤਨ ਕਰਨੇ ਚਾਹੀਦੇ ਹਨ । ਇਹ ਸਿਰਫ਼ ਪੰਛੀਆਂ ਦੀ ਰੱਖਿਆ ਲਈ ਹੀ ਨਹੀਂ, ਸਗੋਂ ਧਰਤੀ ਦੇ ਪ੍ਰਕਿਰਤਕ ਸੰਤੁਲਨ ਲਈ ਵੀ ਜ਼ਰੂਰੀ ਹੈ ।

(i) ਪੰਛੀ ਕੀ ਕਰ ਸਕਦੇ ਹਨ ?

(A) ਤੈਰਨਾ (B) ਭੱਜਣਾ

(C) ਉੱਡਣਾ (D) ਕੁਝ ਨਹੀਂ

(ii) ਪੰਛੀ ਮਨੁੱਖਾਂ ਲਈ ਕਿਵੇਂ ਲਾਭਦਾਇਕ ਹੁੰਦੇ ਹਨ ?

(A) ਕਾਟਨਾਸ਼ਕ ਖਾ ਕੇ

(B) ਖੇਤਾਂ ਨੂੰ ਤਬਾਹ ਕਰਕੇ

(C) ਜੰਗਲਾਂ ਦੀ ਕਟਾਈ ਕਰਕੇ

(D) ਬੀਜ ਖਾਣ ਅਤੇ ਫੈਲਾਉਣ ਕਰਕੇ



UNNATI EDUCATIONS
EK KADAM UNNATI KI AUR
**UNNATI EDUCATION**
**9899-436-384: 9654-279-279**

(iii) ਪੰਛੀਆਂ ਦੀ ਗਿਣਤੀ ਘੱਟਣ ਦਾ ਮੁੱਖ ਕਾਰਨ ਕੀ ਹੈ ?

(A) ਜੰਗਲਾਂ ਦੀ ਕਟਾਈ (B) ਮੌਸਮ ਬਦਲਾਅ

(C) ਸਾਫ਼ ਪਾਣੀ (D) ਮਿੱਟੀ ਦੀ ਖਾਦ

(iv) ਕਿਹੜੇ ਪੰਛੀ ਬਹੁਤ ਉੱਚੀ ਉਡਾਣ ਭਰਦੇ ਹਨ ?

(A) ਬਾਜ਼ (B) ਕਬੂਤਰ

(C) ਮੋਰ (D) ਕਾਂ

(v) ਪੰਛੀ ਪ੍ਰਕਿਰਤੀ ਲਈ ਕੀ ਕਰਨ ਦੇ ਯੋਗ ਹੁੰਦੇ ਹਨ ?

(A) ਖੇਤਾਂ ਨੂੰ ਤਬਾਹ ਕਰਦੇ ਹਨ (B) ਜੈਵਿਕ ਸੰਤੁਲਨ ਬਣਾਈ ਰੱਖਦੇ ਹਨ

(C) ਜੰਗਲ ਕੱਟਦੇ ਹਨ (D) ਪਾਣੀ ਖਰਾਬ ਕਰਦੇ ਹਨ

(vi) ਪੰਛੀਆਂ ਦੀ ਰੱਖਿਆ ਲਈ ਕੀ ਕਰਨ ਦੀ ਲੋੜ ਹੈ ?

(A) ਪਲਾਸਟਿਕ ਫੈਲਾਉਣਾ (B) ਪ੍ਰਦੂਸ਼ਣ ਵਧਾਉਣਾ

(C) ਜੰਗਲਾਂ ਨੂੰ ਬਚਾਉਣਾ (D) ਪੰਛੀਆਂ ਦਾ ਸ਼ਿਕਾਰ

UNNATI EDUCATIONS
EK KADAM UNNATI KI AUR

7. ਪੁੱਛੇ ਗਏ ਅਨੁਸਾਰ **15** ਪ੍ਰਸ਼ਨਾਂ ਵਿੱਚੋਂ ਕੋਈ **10** ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ : **2 × 10 = 20**

(i) ਸਾਰਥਕ ਸ਼ਬਦ ਕਿਸਨੂੰ ਕਹਿੰਦੇ ਹਨ ?

(ii) ਨਾਂਵ ਕਿਸਨੂੰ ਆਖਦੇ ਹਨ ?

(iii) ਕਾਰਨਵਾਚਕ ਕਿਰਿਆ ਵਿਸ਼ੇਸ਼ਣ ਕਿਸਨੂੰ ਆਖਦੇ ਹਨ ?

(iv) ਪ੍ਰਸ਼ਨ-ਚਿੰਨ੍ਹ ਕਿਸਨੂੰ ਆਖਦੇ ਹਨ ? ਉਦਾਹਰਣ ਸਹਿਤ ਦੱਸੋ ।



**UNNATI EDUCATION**
**9899-436-384: 9654-279-279**

(v) 'ਕਲ੍ਹ ਨਾਮ ਕਾਲ ਦਾ' ਅਖਾਣ ਕਿਹੜੇ ਵਿਸ਼ੇਸ਼ ਮੌਕੇ 'ਤੇ ਵਰਤਿਆ ਜਾਂਦਾ ਹੈ ?

(vi) ਕਵੀ ਭਾਈ ਵੀਰ ਸਿੰਘ ਆਪਣੀ ਕਵਿਤਾ 'ਸਮਾਂ' ਰਾਹੀਂ ਕੀ ਕਹਿਣਾ ਚਾਹੁੰਦੇ ਹਨ ?

(vii) 'ਕੁਝ ਰੁੱਖ ਮੇਰੀ ਦਾਦੀ ਵਰਗੇ, ਚੂਰੀ ਪਾਵਣ ਕਾਵਾਂ' ਕਾਵਿ-ਸਤਰ ਦਾ ਅਰਥ ਸਪਸ਼ਟ ਕਰੋ ।

(viii) 'ਨਿੱਕੇ ਵੱਡੇ ਡਰ' ਕਵਿਤਾ ਵਿੱਚ ਧੀਆਂ ਆਪਣੇ ਪਿਉ ਨੂੰ ਕੀ ਕਹਿ ਰਹੀਆਂ ਹਨ ?

(ix) 'ਨਜ਼ਰ' ਕਵਿਤਾ ਦੇ ਕਵੀ ਕੌਣ ਹਨ ? ਕਵੀ ਅਨੁਸਾਰ ਨਿਰਦੋਸ਼ਾਂ ਨੂੰ ਕਤਲ ਕਰਨ ਵਾਲੇ ਕੌਣ ਸਨ ?

(x) ਮਹਾਰਾਜਾ ਰਣਜੀਤ ਸਿੰਘ ਦੇ ਪਰਜਾ ਨਾਲ ਕਿਹੋ ਜਿਹੇ ਸੰਬੰਧ ਸਨ ?

(xi) ਭਗਤ ਸਿੰਘ ਨੇ ਖੇਤ ਵਿੱਚ ਕਾਨੇ ਬੀਜਦੇ ਹੋਏ ਆਪਣੇ ਪਿਤਾ ਜੀ ਨੂੰ ਕੀ ਉੱਤਰ ਦਿੱਤਾ ?

(xii) ਪੁਸਤਕਾਂ ਛਾਪਣ ਵਿੱਚ ਕੰਪਿਊਟਰ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ ?

(xiii) ਲੇਡੀ ਡਾਕਟਰ ਪਾਲੀ ਬੱਸ ਦਾ ਸਫ਼ਰ ਕਰਨ ਤੋਂ ਕਿਉਂ ਘਬਰਾਉਂਦੀ ਸੀ ?

(xiv) ਮਦਰਾਸੀ ਦੇ ਘਰ ਨੌਕਰੀ ਕਰਕੇ ਨੰਦੂ ਵਿੱਚ ਕੀ ਤਬਦੀਲੀ ਆਈ ?

(xv) ਪੜਨਾਂਵੀਂ ਵਿਸ਼ੇਸ਼ਣ ਕਿਸਨੂੰ ਆਖਦੇ ਹਨ ?

8. ਪੁੱਛੇ ਗਏ ਅਨੁਸਾਰ **3** ਪ੍ਰਸ਼ਨਾਂ ਵਿੱਚੋਂ ਕੋਈ **2** ਪ੍ਰਸ਼ਨਾਂ ਦੇ ਉੱਤਰ **40-50** ਸ਼ਬਦਾਂ ਵਿੱਚ ਲਿਖੋ : **3 × 2 = 6**

(i) 'ਕੁਝ ਰੁੱਖ ਜਦ ਵੀ ਰਲ ਕੇ ਝੂੰਮਣ
ਤੇਜ਼ ਵੱਗਣ ਜੱਦ 'ਵਾਵਾਂ,
ਸਾਵੀਂ ਬੋਲੀ ਸੱਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ ।'

ਇਹਨਾਂ ਸਤਰਾਂ ਵਿੱਚ ਕਵੀ ਕੀ ਕਹਿ ਰਿਹਾ ਹੈ ?

(ii) ਪੜਨਾਂਵ ਕਿਸਨੂੰ ਆਖਦੇ ਹਨ ? ਇਸਦੇ ਕਿੰਨੇ ਭੇਦ ਹਨ ? ਨਾਂ ਵੀ ਦੱਸੋ ।

(iii) ਅਲੈਗਜ਼ੈਂਡਰ ਬਰਨਜ਼ ਨੇ ਆਪਣੇ ਸਫ਼ਰਨਾਮੇ ਵਿੱਚ ਮਹਾਰਾਜਾ ਰਣਜੀਤ ਸਿੰਘ ਬਾਰੇ ਕੀ ਲਿਖਿਆ ਸੀ ?



UNNATI EDUCATIONS
EK KADAM UNNATI KI AUR
UNNATI EDUCATION
9899-436-384: 9654-279-279

9. ਪੁੱਛੇ ਗਏ ਅਨੁਸਾਰ **5** ਪ੍ਰਸ਼ਨਾਂ ਵਿੱਚੋਂ ਕੋਈ **3** ਪ੍ਰਸ਼ਨਾਂ ਦੇ ਉੱਤਰ **70-80** ਸ਼ਬਦਾਂ ਵਿੱਚ ਲਿਖੋ : **4 × 3 = 12**

(i) ਕਿਰਿਆ ਕਿਸਨੂੰ ਆਖਦੇ ਹਨ ? ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ ? ਉਨ੍ਹਾਂ ਦੀ ਪਰਿਭਾਸ਼ਾ ਉਦਾਹਰਨ ਸਹਿਤ ਦਿਓ ।

(ii) 'ਰੁੱਖ' ਕਵਿਤਾ ਦਾ ਕੇਂਦਰੀ ਭਾਵ ਕੀ ਹੈ ?

(iii) ਕੰਪਿਊਟਰ ਕੀ ਹੁੰਦਾ ਹੈ ? ਕੰਪਿਊਟਰ ਦੇ ਮੁੱਖ ਅੰਗ ਕਿਹੜੇ ਹੁੰਦੇ ਹਨ ? ਇਸ ਦੀ ਸਾਡੇ ਜੀਵਨ ਵਿੱਚ ਕੀ ਵਰਤੋਂ ਹੈ ?

(iv) ਇਕਾਂਗੀ 'ਬੇਈਮਾਨ' ਦੇ ਵਾਰਤਾਲਾਪਾਂ ਬਾਰੇ ਚਰਚਾ ਕਰੋ ।

(v) ਇਕਾਂਗੀ 'ਬੇਈਮਾਨ' ਦੇ ਪਾਤਰ 'ਮੋਟਰਵਾਲਾ' ਦੀ ਪਾਤਰ–ਉਸਾਰੀ ਕਰੋ ।

10. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ : **6 × 1 = 6**

ਆਪਣੇ ਪਿਤਾਜੀ ਨੂੰ ਪੱਤਰ ਲਿਖਕੇ ਦੱਸੋ ਕਿ ਸਕੂਲੀ ਪੜ੍ਹਾਈ ਤੋਂ ਬਾਅਦ ਤੁਸੀਂ ਕੀ ਕਰਨਾ ਚਾਹੁੰਦੇ ਹੋ ?

**ਜਾਂ**

ਆਪਣੇ ਇਲਾਕੇ ਦੇ ਪੁਸਤਕ ਵਿਕਰੇਤਾ ਨੂੰ ਕਿਤਾਬਾਂ ਮੰਗਵਾਉਣ ਲਈ ਚਿੱਠੀ ਲਿਖੋ ।

UNNATI EDUCATIONS
EK KADAM UNNATI KI AUR

11. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ **125** ਤੋਂ **150** ਸ਼ਬਦਾਂ ਵਿੱਚ ਲੇਖ ਲਿਖੋ : **6 × 1 = 6**

ਅਨਪੜ੍ਹਤਾ ਕੌਮ ਲਈ ਸਰਾਪ

**ਜਾਂ**

ਪੁਸਤਕਾਂ ਸਭ ਤੋਂ ਚੰਗਾ ਸਾਥੀ



**UNNATI EDUCATION**
**9899-436-384: 9654-279-279**

UNNATI EDUCATIONS
EK KADAM UNNATI KI AUR



UNNATI EDUCATION
9899-436-384: 9654-279-279